**International Research Journal of Human Resources and Social Sciences**
**ISSN(O): (2349-4085) ISSN(P): (2394-4218)**
**Impact Factor- 5.414, Volume 5, Issue 1, January 2018**
Website- www.aarf.asia, Email : editor@aarf.asia , editoraarf@gmail.com

# ਵਿਆਨਾ ਕਾਂਗਰਸ ਦੀ ਆਲੋਚਨਾ *(Criticism of Vienna Congress)*

**Mandeep Kaur, Village Mirpur, Tehsil Khamanon, District Fatehgarh Sahib-141411, Punjab, India**

**ਸਾਰ (Abstract) ;** ਵਿਆਨਾ ਕਾਂਗਰਸ ਦੀ ਸਥਾਪਨਾ 1815 ਈਸਵੀ ਵਿਚ ਕੀਤੀ ਗਈ ਸੀ। ਵਿਆਨਾ ਕਾਂਗਰਸ ਦਾ ਪਰਮੁੱਖ ਨੇਤਾ ਆਸਟਰੀਆ ਦਾ ਚਾਂਸਲਰ ਮੇਟਰਨਿਖ ਸੀ। ਉਹ ਇਕ ਉੱਚ ਦਰਜੇ ਦਾ ਪ੍ਰਤੀਕਿਰਿਆਵਾਦੀ ਸੀ। ਵਿਆਨਾ ਕਾਂਗਰਸ ਵਿਚ ਵੱਖ੍ਵੱਖ ਦੇਸ਼ਾਂ ਦੇ ਬਾਰੇ ਫੈਸਲੇ ਕੀਤੇ ਗਏ। ਵਿਆਨਾ ਕਾਂਗਰਸ ਦੇ ਫ਼ੈਸਲਿਆਂ ਦੇ ਕੁਝ ਸਮਕਾਲੀ ਇਤਿਹਾਸਕਾਰਾਂ ਦੁਆਰਾ ਆਲੋਚਨਾ ਕੀਤੀ ਗਈ ਹੈ। ਇਨ੍ਹਾਂ ਆਲੋਚਕਾਂ ਅਨੁਸਾਰ ਕਾਂਗਰਸ ਦੇ ਨੇਤਾਵਾਂ ਦੁਆਰਾ ਲਏ ਗਏ ਫ਼ੈਸਲੇ ਲੋਕ ਹਿੱਤਾਂ ਦੇ ਅਨੁਕੂਲ ਨਹੀਂ ਸਨ। ਵਿਆਨਾ ਕਾਂਗਰਸ ਦੇ ਆਲੋਚਕਾਂ ਦੁਆਰਾ ਜੋ ਆਲੋਚਨਾ ਕੀਤੀ ਗਈ,ਦੇ ਬਾਰੇ ਦੱਸਿਆ ਗਿਆ ਹੈ|

ਵਿਆਨਾ ਕਾਂਗਰਸ ਦੇ ਆਲੋਚਕਾਂ ਦੁਆਰਾ ਸਭ ਤੋਂ ਪਹਿਲਾਂ ਇਹ ਆਲੋਚਨਾ ਕੀਤੀ ਗਈ ਹੈ ,ਕਿ ਵਿਆਨਾ ਸੰਧੀ ਅਨੁਸਾਰ ਦੇਸ਼ਾਂ ਦੀ ਜੋ ਵੰਡ ਕੀਤੀ ਗਈ ਸੀ ਉਹ ਬਹੁਤ ਹੀ ਅਣਉਚਿਤ ਤੇ ਅਨਿਆਪੂਰਨ ਸੀ,ਜਿਸ ਵਿਚ ਵੱਖ-ਵੱਖ ਯੂਰੋਪੀ ਦੇਸ਼ਾਂ ਵਿੱਚ ਰਹਿਣ ਵਾਲੇ ਆਮ ਲੋਕਾਂ ਦੀਆਂ ਭਾਵਨਾਵਾ ਵਾਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ।ਕਾਂਗਰਸ ਦੇ ਨੇਤਾਵਾਂ ਨੇ ਫ਼ੈਸਲੇ ਕਰਨ ਤੋਂ ਪਹਿਲਾਂ ਜਿਹੜੇ ਸਿਧਾਤਾਂ ਤੋਂ ਲੋਕ ਨੂੰ ਜਾਣੂ ਕਰਵਾਇਆ ਸੀ ,ਉਹਨਾਂ ਦੇ ਅਨੁਸਾਰ ਦੇਸ਼ਾਂ ਦੀ ਵੰਡ ਇਸ ਤਰ੍ਹਾਂ ਕੀਤੀ ਗਏ ਸੀ ਜਿਵੇਂ ਖ਼ਰੀਦਦਾਰ ਭਿਨ -ਭਿਨ ਪਸ਼ੂਆਂ ਦੀ ਕਰਦੇ ਸਨ।ਇਸ ਸਬੰਧ ਵਿੱਚ ਕਾਂਗਰਸ ਦੇ ਸਕੱਤਰ ਨੇ ਇਸ ਵੰਡ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਕਾਂਗਰਸ ਦਾ ਅਸਲੀ ਉਦੇਸ਼ ਜਿੱਤੇ ਹੋਏ ਰਾਜਾਂ ਦੀ ਲੁੱਟ ਜਾਂ ਜੇਤੂ ਦੇਸ਼ਾਂ ਵਿੱਚ ਬਟਵਾਰਾ ਕਰਨਾ ਸੀ।ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਇਸ ਸੰਧੀ ਦੇ ਫੈਸਲਿਆਂ ਦੌਰਾਨ ਫ਼ਰਾਂਸ ਦਾ ਅਪਮਾਨ ਕੀਤਾ ਗਿਆ।ਉਹਨਾਂ ਅਨੁਸਾਰ ਫ਼ਰਾਂਸ,ਜੋ ਕਿ ਇਕ ਸਭਿਅਕ ਰਾਸ਼ਟਰ ਸੀ,ਜਿਸਦੇ ਸਿਧਾਂਤਾਂ ਨੇ ਦੁਨੀਆਂ ਨੂੰ ਰੋਸ਼ਨੀ ਦਿਖਾਈ ਸੀ,ਨੂੰ ਨੈਪੋਲੀਅਨ ਦੇ ਦੋਸ਼ਾਂ ਦੀ ਸਜਾ ਦਿੱਤੀ ਗਈ।ਨੈਪੋਲੀਅਨ ਨੇ 1796 ਈਸਵੀ ਵਿੱਚ ਸ਼ਕਤੀ ਪ੍ਰਾਪਤ ਕਰਨ ਪਿੱਛੋਂ ਆਪਣੀਆਂ ਜਿੱਤਾਂ ਦਾ ਕੰਮ ਸ਼ੁਰੂ ਕੀਤਾ ਸੀ,ਪਰ ਕਾਂਗਰਸ ਨੇ ਫ਼ਰਾਂਸ ਦੀ ਸੀਮਾ 1790 ਈਸਵੀ ਦੇ ਬਰਾਬਰ ਕਰ ਦਿੱਤੀ , ਇਸ ਤੋਂ ਬਿਨਾਂ ਫ਼ਰਾਂਸ ਦਾ ਅਪਮਾਨ ਕਰਨ ਲਈ ਉਸ ਦੀ ਸੈਨਿਕ ਸ਼ਕਤੀ ਵੀ ਘੱਟ ਕਰ ਦਿੱਤੀ ਗਈ।ਉਸ ਦੇ ਕਿਲਿਆਂ ਦਾ ਪ੍ਰਬੰਧ ਵੀ ਵਿਦੇਸ਼ੀ ਸੈਨਾ ਨੂੰ ਸੌਂਪ ਦਿੱਤਾ ਗਿਆ।ਉਸ ਦੀ ਧਰਤੀ ਉਤੇ ਵਿਦੇਸ਼ੀ ਸੈਨਾ ਬਿਠਾ ਦਿੱਤੀ ਗਈ ਜਿਸ ਦਾ ਸਾਰਾ ਖਰਚ ਫ਼ਰਾਂਸ ਨੇ ਦੇਣਾ ਸੀ।

© **Associated Asia Research Foundation (AARF)**
A Monthly Double-Blind Peer Reviewed Refereed Open Access International e-Journal - Included in the International Serial Directories.

ਉਸ ਤੋਂ ਕਲਾ-ਕਿਰਤੀਆਂ ਦੇ ਸਾਰੇ ਨਮੂਨੇ ਵਾਪਸ ਲੈ ਲਏ ਅਤੇ ਉਸਨੂੰ ਯੁੱਧਾਂ ਲਈ ਦੋਸ਼ੀ ਠਹਿਰਾਉਂਦੇ ਹੋਏ 70 ਕਰੋੜ ਫ੍ਰੈਂਕ ਦਾ ਜੁਰਮਾਨਾ ਕਰ ਦਿੱਤਾ ਗਿਆ ਜਿਸ ਨਾਲ ਫ਼ਰਾਂਸ ਦਾ ਬਹੁਤ ਅਪਮਾਨ ਹੋਇਆ ਅਤੇ ਫ਼ਰਾਂਸ ਯੂਰਪ ਵਿੱਚ ਦੂਜੇ ਦਰਜੇ ਦਾ ਦੇਸ਼ ਬਣ ਕੇ ਰਹਿ ਗਿਆ।ਅਲੋਚਕਾਂ ਦੁਆਰਾ ਵਿਆਨਾ ਦੀ ਕਾਂਗਰਸ ਉਪੱਰ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਕਾਂਗਰਸ ਦੁਆਰਾ ਲਏ ਗਏ ਫ਼ੈਸਲੇ ਸਥਾਈ ਘੱਟ ਅਤੇ ਅਸਥਾਈ ਜ਼ਿਆਦਾ ਸਨ। ਉਦਾਹਰਨ ਵਜੋਂ ਵਿਆਨਾ ਦੀ ਸੰਧੀ ਦੁਆਰਾ ਮਿਲਾਏ ਗਏ,ਹਾਲੈਂਡ ਤੇ ਬੈਲਜ਼ੀਅਮ ਕਾਂਗਰਸ ਤੋਂ ਸਿਰਫ਼ 15 ਸਾਲ ਬਾਅਦ ਹੀ ਅਲੱਗ ਹੋ ਗਏ। ਇਟਲੀ ਤੇ ਜਰਮਨੀ ਵਿੱਚ 1870-71 ਈ. ਵਿੱਚ ਏਕੀਕਰਨ ਕਰਨ ਉਪਰੰਤ ਵਿਆਨਾ ਗਾਂਗਰਸ ਦੀ ਬਣਾਈ ਵਿਵਸਥਾ ਦਾ ਅੰਤ ਹੋ ਗਿਆ। ਪੋਲੈਂਡ ਨੇ ਵੀ ਇੱਕ ਸਦੀ ਬਾਅਦ ਸੁਤੰਤਰਤਾ ਪ੍ਰਾਪਤ ਕਰ ਲਈ। ਫਿਨਲੈਂਡ ਨੂੰ ਰੂਪ ਦੇ ਅਧੀਨ ਕਰਨਾ ਅਤੇ ਸਵੀਡਨ ਤੇ ਨਾਰਵੇ ਨੂੰ ਆਪਸ ਵਿੱਚ ਮਿਲਾਉਣਾ ਵੀ ਅਸਥਾਈ ਸਿੱਧ ਹੋਇਆ।ਵਿਆਨਾ ਕਾਂਗਰਸ ਦੇ ਫ਼ੈਸਲੇ ਕਰਨ ਵਾਲੇ ਮਿੱਤਰ ਦੇਸ਼ ਦਾ ਉਦੇਸ਼ ਯੂਰਪ ਵਿੱਚ ਫਿਰ ਤੋਂ ਨਿਰਕੁੰਸ਼ਤਾ ਦੀ ਸਥਾਪਨਾ ਕਰਨਾ ਸੀ। ਮੈਟਰਨਿਖ ਉਤੱਮ ਦਰਜੇ ਦਾ ਪ੍ਰਤੀਕਿਰਿਆਵਾਦੀ ਵਿਅਕਤੀ ਸੀ। ਉਸਦਾ ਕਾਂਗਰਸ ਦੇ ਫ਼ੈਸਲਿਆਂ ਉਪੱਰ ਬਹੁਤ ਜ਼ਿਆਦਾ ਪ੍ਰਭਾਵ ਸੀ। ਕਾਂਗਰਸ ਦੇ ਨੇਤਾ ਰਾਜੇ ਦੇ ਦੈਵੀ ਅਧਿਕਾਰਾਂ ਵਿੱਚ ਵਿਸ਼ਵਾਸ ਰੱਖਦੇ ਸਨ। ਇਸ ਲਈ ਉਨ੍ਹਾਂ ਦੁਆਰਾ ਉਚਿੱਤ ਅਧਿਕਾਰ ਦਾ ਸਿਧਾਂਤ ਤੇ ਸ਼ਕਤੀ ਸੰਤੁਲਨ ਦੇ ਸਿਧਾਂਤ ਦੀ ਆੜ ਵਿੱਚ 1789 ਈ. ਤੋਂ ਪਹਿਲਾਂ ਵਾਲੀ ਨਿਰਕੁੰਸ਼ ਵਿਵਸਥਾ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ। ਇਸ ਸਿਧਾਂਤ ਅਧੀਨ ਕਾਂਗਰਸ ਦੇ ਫ਼ੈਸਲਿਆਂ ਅਨੁਸਾਰ ਇਟਲੀ, ਜਰਮਨੀ, ਪੋਲੈਂਡ ਤੇ ਬੈਲਜ਼ੀਅਮ ਉਪੱਰ ਉਥੋਂ ਦੇ ਨਿਰੰਕੁਸ਼ ਸ਼ਾਸਕਾਂ ਦਾ ਰਾਜ ਸਥਾਪਿਤ ਕਰ ਦਿੱਤਾ ਗਿਆ।

ਵਿਆਨਾ ਕਾਂਗਰਸ ਉਪੱਰ ਆਲੋਚਕਾਂ ਦੁਆਰਾ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਫ਼ੈਸਲੇ ਕਰਦੇ ਸਮੇਂ ਕਾਂਗਰਸ ਦੁਆਰਾ ਲੋਕਾਂ ਰਾਸ਼ਟਰੀ ਭਾਵਨਾ ਪ੍ਰਤੀ ਅਣਗਹਿਲੀ ਵਰਤੀ ਗਈ। ਇਟਲੀ ਦੇ ਰਾਜਾਂ ਨੂੰ ਆਸਟਰੀਆ ਨਾਲ ਮਿਲਾਉਣਾ, ਪੋਲੈਂਡ ਨੂੰ ਰੂਸ ਦੇ ਅਧੀਨ ਕਰਨਾ, ਨਾਰਵੇ ਤੇ ਸਵੀਡਨ ਇੱਕਠੇ ਕਰਨੇ, ਬੈਲਜ਼ੀਅਮ ਨੂੰ ਹਾਲੈਂਡ ਨਾਲ ਮਿਲਾਉਣਾ ਆਦਿ ਕਾਂਗਰਸ ਦੇ ਇਸ ਤਰ੍ਹਾ ਦੇ ਕੁਝ ਫ਼ੈਸਲੇ ਸਨ ਜੋ ਲੋਕ ਇੱਛਾ ਤੇ ਰਾਸ਼ਟਰੀ ਭਾਵਨਾ ਦੇ ਬਿਲਕੁੱਲ ਵਿਰੁੱਧ ਸਨ ਜਿਨ੍ਹਾਂ ਦੇ ਸਥਾਈ ਹੋਣ ਦੇ ਘੱਟ ਹੀ ਅਸਾਰ ਸਨ। ਵਿਆਨਾ ਕਾਂਗਰਸ ਦੇ ਰਾਸ਼ਟਰੀ ਭਾਵਨਾ ਵਿਰੁੱਧ ਲਏ ਗਏ ਫ਼ੈਸਲੇ ਹੀ ਆਲੋਚਨਾ ਕਰਦੇ ਹੋਏ ਇਤਿਹਾਸਕਾਰ 'ਕੇਟਲਬੇ' ਨੇ ਕਿਹਾ ਹੈ ਕਿ ਵਿਆਨਾ ਕਾਂਗਰਸ ਦੇ ਨੇਤਾਵਾਂ ਨੇ ਫ਼ਰਾਂਸੀਸੀ ਕ੍ਰਾਂਤੀ ਦੀ ਚੇਤਾਵਨੀ ਵੱਲ ਕੋਈ ਧਿਆਨ ਨਹੀਂ ਦਿੱਤਾਕੁਝ ਆਲੋਚਕ ਵਿਆਨਾ ਕਾਂਗਰਸ ਦੀ ਇਸ ਪੱਖ ਤੋਂ ਆਲੋਚਨਾ ਕਰਦੇ ਹਨ ਕਿ ਵਿਆਨਾ ਕਾਂਗਰਸ ਦੇ ਨੇਤਾਵਾਂ ਦੁਆਰਾ ਪੂਰਬੀ ਸਮੱਸਿਆ ਦਾ ਹੱਲ ਲੱਭਣ ਦਾ ਕੋਈ ਯਤਨ ਨਹੀਂ ਕੀਤਾ ਗਿਆ। ਤੁਰਕੀ ਨੂੰ ਵਿਆਨਾ ਦੇ ਸੰਮੇਲਨ ਵਿੱਚ ਨਾ ਬਲਾਉਣਾ ਅਤੇ ਪੂਰਬੀ ਸਮੱਸਿਆ ਦਾ ਹੱਲ ਨਾ ਲੱਭਣਾ ਵਿਆਨਾ ਕਾਂਗਰਸ ਦੀ ਇੱਕ ਵੱਡੀ ਭੁੱਲ ਸੀ। ਇਸੇ ਕਰਕੇ ਤੁਰਕੀ ਤੇ ਬਾਲਕਨ ਰਾਜਾਂ ਵਿੱਚ ਖਿੱਚੋਤਾਣ ਸਾਰੇ ਯੂਰਪ ਦੀ ਸ਼ਾਂਤੀ ਲਈ ਖਤਰਾ ਬਣਿਆ ਰਿਹਾ।

ਵਿਆਨਾ ਕਾਂਗਰਸ ਦੇ ਨੇਤਾਵਾਂ ਤੇ ਇਹ ਦੋਸ਼ ਵੀ ਲਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਉਚਿਤ ਅਧਿਕਾਰ ਦੇ ਸਿਧਾਂਤ ਦੀ ਵਰਤੋਂ ਸਭ ਰਾਸ਼ਟਰਾਂ ਉਪੱਰ ਇੱਕ ਸਮਾਨ ਲਾਗੂ ਨਹੀਂ ਕੀਤੀ। ਇਟਲੀ ਦੇ ਪੁਰਾਣੇ ਗਣਰਾਜਾਂ ਜੇਨੋਆ ਤੇ ਵੇਨਿਸ਼ ਉਤੇ ਇਹ ਸਿਧਾਂਤ ਲਾਗੂ ਨਹੀਂ ਕੀਤਾ ਗਿਆ। ਇਨ੍ਹਾਂ ਗਣਰਾਜਾਂ ਨੇ ਬਹੁਤ ਲੰਮੇ ਸਮੇਂ ਤੋਂ ਸੁਤੰਤਰਤਾ ਦਾ ਅਨੰਦ ਮਾਣਿਆ ਸੀ। ਇਨ੍ਹਾਂ ਰਾਜਾਂ ਉਪੱਰ ਨਿਰਕੁੰਸ਼ ਰਾਜ ਸਥਾਪਿਤ ਕਰਕੇ ਕਾਂਗਰਸ ਦੁਆਰਾ ਇਨ੍ਹਾਂ ਰਾਜ਼ਾਂ ਨਾਲ ਧੋਖਾ ਕੀਤਾ ਗਿਆ। ਇਸੇ ਤਰ੍ਹਾਂ ਪਵਿੱਤਰ ਰੋਮਨ ਸਾਮਰਾਜ ਦੀ ਸਥਾਪਨਾ ਵੀ ਉਚਿੱਤ ਅਧਿਕਾਰ ਦੇ ਸਿਧਾਂਤ ਅਨੁਸਾਰ ਨਹੀਂ ਕੀਤੀ ਗਈ। ਜਰਮਨ ਰਿਆਸਤਾਂ ਦੀ ਪੁਨਰ-ਵੰਡ ਸਮੇਂ ਵੀ ਇਹ ਸਿਧਾਂਤ ਅੱਖੋ-ਪਰੋਖੇ ਕਰਕੇ ਜਰਮਨ ਰਿਅਸਤਾਂ ਵਿੱਚ ਇੱਕ ਢਿੱਲਾ ਜਿਹਾ ਸੰਘ ਸਥਾਪਿਤ ਕਰ ਦਿੱਤਾ ਗਿਆ। ਬਹੁਤ ਸਾਰੀਆਂ ਰਿਆਸਤਾ ਦੇ ਸ਼ਾਸਕਾਂ ਨੂੰ ਆਪਣੇ ਰਾਜ ਵਾਪਸ ਨਾ ਮਿਲੇ। ਇਸ ਸੰਬੰਧ ਵਿੱਚ ਹੇਜ਼ ਨੇਤ ਲਿਖਿਆ ਹੈ ਕਿ "ਜੇਤੂ ਰਾਸ਼ਟਰਾਂ ਨੂੰ ਮਨਭਾਉਂਦਾ ਇਨਾਮ ਦੇਣ ਲਈ ਉਚਿਤ ਅਧਿਕਾਰ ਦੇ ਸਿਧਾਂਤ ਨਾਲ ਸਮਝੌਤਾ ਕੀਤਾ ਗਿਆ।" ਕੁਝ ਇਤਿਹਾਸਕਾਰ ਤਾ ਇੱਥੋਂ ਤੱਕ ਕਹਿ ਕੇ ਆਲੋਚਨਾ ਕਰਦੇ ਹਨ ਕਿ ਕਾਂਗਰਸ ਦਾ ਸਰੂਪ ਹੀ ਪ੍ਰਤੀਕਿਰਿਆਵਾਦੀ ਸੀ। ਉਨ੍ਹਾਂ ਅਨੁਸਾਰ ਕਾਂਗਰਸ ਵਿੱਚ ਸ਼ਾਮਲ ਹੋਏ ਬਹੁਤ ਸ਼ਾਸਕ

ਨਿਰੰਕੁਸ਼ ਸਨ ਜੋ ਫ਼ਰਾਂਸੀਸੀ ਕ੍ਰਾਂਤੀ ਦੇ ਸੁਤੰਤਰਤਾ, ਸਮਾਨਤਾ ਤੇ ਭਾਈਬੰਦੀ ਦੇ ਸਿਧਾਂਤਾ ਦੇ ਖ਼ਿਲਾਫ਼ ਸਨ। ਉਨ੍ਹਾਂ ਅਨੁਸਾਰ ਅਰਾਜਕਤਾ ਦਾ ਦੂਸਰਾ ਨਾਂ ਕ੍ਰਾਂਤੀ ਸੀ। ਇਨ੍ਹਾਂ ਨੇਤਾਵਾਂ ਦੁਆਰਾ ਸੁਤੰਤਰਤਾ ਦੇ ਉਦਾਰ ਵਿਚਾਰ ਵਿਰੁੱਧ ਪ੍ਰਤੀਕਿਰਿਆਵਾਦੀ ਫ਼ੈਸਲੇ ਲੇਣ ਦੀ ਹੀ ਉਮੀਦ ਕੀਤੀ ਜਾ ਸਕਦੀ ਸੀ। ਇਸ ਤਰ੍ਹਾਂ ਦੇ ਮਾਹੌਲ ਵਿੱਚ ਵਿਆਨਾ ਕਾਂਗਰਸ ਦਾ ਸਰੂਪ ਹੀ ਪ੍ਰਤੀਕਿਰਿਆਵਾਦੀ ਬਣ ਚੁੱਕਾ ਸੀ।ਇਸ ਤਰ੍ਹਾਂ ਵਿਆਨਾ ਕਾਂਗਰਸ ਦੇ ਨੇਤਾਂਵਾਂ ਨੇ ਯੂਰਪ ਵਿੱਚ ਸ਼ਾਂਤੀ ਕਾਇਮ ਰੱਖਣ ਲਈ ਕੋਈ ਠੋਸ ਕਦਮ ਨਹੀਂ ਉਠਾਏ, ਸਗੋਂ ਸੰਮੇਲਨ ਵਿੱਚ ਫ਼ਰਾਂਸ ਨੂੰ ਕਮਜ਼ੋਰ ਕਰਨਾ ਅਤੇ ਉਸਦੇ ਸਹਿਯੋਗੀਆਂ ਨੂੰ ਸਜ਼ਾ ਦੇਣ ਜਾਂ ਫ਼ਰਾਂਸ ਤੋਂ ਵਾਪਸ ਲਏ ਪ੍ਰਦੇਸ਼ਾਂ ਦੀ ਵੰਡ ਸੰਬੰਧੀ ਹੀ ਯੋਜਨਾਵਾਂ ਬਣਦੀਆਂ ਰਹੀਆਂ। ਅਸਲ ਵਿੱਚ ਇਹ ਕਾਂਗਰਸ ਦੁਆਰਾ ਨੈਪੋਲੀਅਨ ਦੇ ਕੰਮਾਂ ਦੀ ਸਜ਼ਾ ਫ਼ਰਾਂਸ ਨੂੰ ਦਿੱਤੀ ਗਈ ਅਤੇ ਸੁਧਾਰਾਂ ਦੀ ਗੂੰਜ ਨੂੰ ਅੱਖੋ-ਪਰੌਖੇ ਕਰਕੇ 1789 ਈ. ਤੋਂ ਪਹਿਲਾਂ ਵਾਲਾ ਨਿਰਕੁੰਸ਼ ਯੂਰਪ ਸਥਾਪਿਤ ਕਰਨ 'ਤੇ ਜੋਰ ਦਿੱਤਾ ਗਿਆ।

ਜੇਕਰ ਵਿਆਨਾ ਦੀ ਕਾਂਗਰਸ ਦੀ ਬਹੁਤ ਸਾਰੇ ਪੱਖਾਂ ਤੋਂ ਆਲੋਚਨਾ ਕੀਤੀ ਗਈ ਹੈ ਤਾਂ ਦੂਸਰੇ ਪਾਸੇ ਇਸ ਕਾਂਗਰਸ ਦੇ ਸਮਰਥਕ ਵਿਦਵਾਨਾਂ ਦੁਆਰਾ ਸੰਧੀ ਦੇ ਪੱਖ ਵਿੱਚ ਵੀ ਦਲੀਲਾਂ ਪੇਸ਼ ਕੀਤੀਆਂ ਗਈਆਂ ਹਨ। ਉਨ੍ਹਾਂ ਅਨੁਸਾਰ ਸੰਧੀ ਵਿੱਚ ਦੋਸ਼ ਹੋਣ ਦੇ ਬਾਵਜੂਦ ਵੀ ਇਹ ਸੰਧੀ ਉਹ ਸਮੇਂ ਦੇ ਅਨੁਕੂਲ ਅਤੇ ਤਸੱਲੀਬਖੀਸ਼ ਸੰਧੀ ਮੰਨੀ ਜਾਂਦੀ ਹੈ ਕਿਉਂਕਿ ਆਪਸ ਵਿਰੋਧੀ ਮਤ-ਭੇਦਾਂ ਦੇ ਹੁੰਦੇ ਹੋਏ ਸਫਲਤਾ-ਪੂਰਵਕ ਇਸ ਸੰਧੀ ਨੂੰ ਅੰਤਿਮ ਰੂਪ ਦੇਣਾ ਅਤੇ ਯੂਰਪ ਵਿੱਚ ਸ਼ਾਂਤੀ ਵਿਵਸਥਾ ਲਿਆਉਣ ਦਾ ਉਪਰਾਲਾ ਇਸ ਦੇ ਨੇਤਾਵਾਂ ਦੀ ਇੱਕ ਵੱਡੀ ਪ੍ਰਾਪਤੀ ਸੀ। ਇਸ ਸੰਧੀ ਦੇ ਸਮਰਥਕਾਂ ਦੁਆਰਾ ਸੰਧੀ ਦੇ ਪੱਖ ਵਿੱਚ ਪੇਸ਼ ਕੀਤੀਆਂ ਦਲੀਲਾਂ ਇਸ ਪ੍ਰਕਾਰ ਹਨ।

ਸੰਧੀ ਦੇ ਆਲੋਚਕਾਂ ਦੇ ਉਲਟ ਸੰਧੀ ਦੇ ਸਮਰਥਕ ਇਹ ਆਖਦੇ ਹਨ ਕਿ ਫ਼ਰਾਂਸ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਅਪਮਾਨਜਨਕ ਵਿਵਹਾਰ ਨਹੀਂ ਕੀਤਾ ਗਿਆ। ਕਾਂਗਰਸ ਦੁਆਰਾ ਫ਼ਰਾਂਸ ਤੋਂ ਕੋਈ ਉਸਦਾ ਆਪਣਾ ਪ੍ਰਦੇਸ਼ ਨਹੀਂ ਲਿਆ ਗਿਆ, ਸਿਰਫ਼ ਉਹੀ ਇਲਾਕਾ ਕਾਗਰਸ ਦੁਆਰਾ ਫ਼ਰਾਂਸ ਤੋਂ ਲਿਆ ਗਿਆ ਜੋ ਫ਼ਰਾਂਸ ਨੇ ਹਮਲਾ ਕਰਕੇ ਕਿਸੇ ਦੇਸ਼ ਤੋਂ ਜਿੱਤਿਆ ਸੀ। ਫ਼ਰਾਂਸ ਉਪੱਰ ਲਗਾਇਆ ਗਿਆ ਯੁੱਧ ਦਾ ਹਰਜਾਨਾ ਵੀ ਫ਼ਰਾਂਸ ਦੇ ਆਰਥਿਕ ਹੈਸੀਅਤ ਨਾਲੋਂ ਜ਼ਿਆਦਾ ਨਹੀਂ ਸੀ। ਫ਼ਰਾਂਸ ਨੇ ਉਹ ਹਰਜਾਨਾ ਪੰਜ ਸਾਲਾਂ ਵਿੱਚ ਦੇਣਾ ਸੀ ਪਰ ਉਸਨੇ ਇਹ ਸਿਰਫ਼ ਤਿੰਨ ਸਾਲਾਂ ਵਿੱਚ ਦੇ ਦਿੱਤਾ। ਮਿੱਤਰ ਦੇਸ਼ਾਂ ਨੇ ਫ਼ਰਾਂਸ ਦੀ ਸੈਨਿਕ ਸ਼ਕਤੀ ਘੱਟ ਕਰਕੇ ਫ਼ਰਾਂਸ ਵਿਰੁੱਧ ਆਪਦੀ ਸੁਰੱਖਿਆ ਕੀਤੀ ਸੀ।

ਸੰਧੀ ਦੇ ਸਮਰਥਕਾਂ ਅਨੁਸਾਰ ਆਲੋਚਕਾਂ ਨੂੰ ਸੰਧੀ ਦੀ ਆਲੋਚਨਾ ਕਰਨ ਤੋਂ ਪਹਿਲਾਂ ਇਹ ਜਾਣਨਾ ਚਾਹੀਦਾ ਸੀ ਕਿ ਕਾਂਗਰਸ ਦੇ ਨੇਤਾਵਾਂ ਨੂੰ ਵਿਆਨਾ ਸਮਝੌਤਾ ਕਰਨ ਵੇਲੇ ਕਿੰਨੀਆਂ ਔਕੜਾਂ ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ। ਨੈਪੋਲੀਅਨ ਵਿਰੁੱਧ ਯੁੱਧਾਂ ਵੇਲੇ ਮਿੱਤਰ ਦੇਸ਼ਾਂ ਵੱਲੋਂ ਨੈਪੋਲੀਅਨ ਦੇ ਖ਼ਿਲਾਫ਼ ਕਈ ਗੁਪਤ ਸਮਝੌਤੇ ਤੇ ਸੰਧੀਆਂ ਹੋ ਚੁੱਕੀਆਂ ਸਨ ਜਿਨ੍ਹਾ ਵਿੱਚ ਮਿੱਤਰ ਦੇਸ਼ਾਂ ਨੇ ਨੈਪੋਲੀਅਨ ਨੂੰ ਹਰਾਉਣ ਤੋਂ ਬਾਅਦ ਵੱਖ-ਵੱਖ ਇਲਾਕਿਆਂ ਦੀ ਵੰਡ ਬਾਰੇ ਸਮਝੌਤੇ ਕੀਤੇ ਹੋਏ ਸਨ। ਜੇਕਰ ਇਹ ਕਾਂਗਰਸ ਤੋਂ ਪਹਿਲਾਂ ਦੀਆਂ ਸੰਧੀਆਂ ਦੌਰਾਨ ਕੀਤੇ ਸਮਝੌਤਿਆਂ ਤੇ ਅਮਲ ਨਾ ਕੀਤਾ ਜਾਂਦਾ ਤਾਂ ਹੋ ਸਕਦਾ ਕਿ ਯੂਰਪ ਫਿਰ ਯੁੱਧਾਂ ਦੀ ਲਪੇਟ ਵਿੱਚ ਆ ਜਾਂਦਾ।

ਸੰਧੀ ਦੇ ਸਮਰਥਕਾਂ ਦੁਆਰਾ ਇਹ ਵਿਚਾਰ ਪੇਸ਼ ਕੀਤਾ ਗਿਆ ਹੈ ਕਿ ਇਤਿਹਾਸ ਵਿੱਚ ਕਦੇ ਖੜੌਤ ਨਹੀਂ ਆਉਂਦੀ। ਇਸ ਵਿੱਚ ਹਮੇਸ਼ਾ ਪਰਿਵਰਤਨਸ਼ੀਲਤਾ ਬਣੀ ਰਹਿੰਦੀ ਹੈ ਬਦਲਦੇ ਰਾਜਨੀਤਿਕ ਹਾਲਾਤ ਵਿੱਚ ਕੋਈ ਵੀ ਸੰਧੀ ਜਾਂ ਸਮਝੌਤਾ ਸਥਾਈ ਨਹੀਂ ਹੁੰਦਾ। ਪਰ 1815 ਈ. ਤੋਂ ਬਾਅਦ ਦੇ ਇਤਿਹਾਸ ਨੂੰ ਪੜ੍ਹਨ ਤੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਸੰਧੀ ਪੂਰੀ ਤਰ੍ਹਾਂ ਸਥਾਈ ਹੀ ਸੀ ਕਿਉਂਕਿ ਇਸ ਸੰਧੀ ਦੁਆਰਾ ਸਥਾਪਿਤ ਕੀਤੀ ਵਿਵਸਥਾ ਲਗਭਗ ਇੱਕ ਸਦੀ ਤੱਕ ਕਾਇਮ ਰਹੀ। ਇਸ ਸੰਧੀ ਦੇ ਕੀਤੇ ਸਮਝੌਤਿਆਂ ਦੀ ਬਦੌਲਤ ਯੂਰਪ ਵਿੱਚ ਅਗਲੇ 40 ਸਾਲਾਂ ਤੱਕ ਕੋਈ ਯੁੱਧ ਨਹੀਂ ਹੋਇਆ ਅਤੇ 100 ਸਾਲ ਤੱਕ ਇਸ ਸੰਧੀ ਦੁਆਰਾ ਦੇਸ਼ਾਂ ਦੀਆਂ ਨਿਯਤ ਕੀਤੀਆਂ ਹੱਦਾਂ ਉਸੇ ਤਰ੍ਹਾਂ ਕਾਇਮ ਰਹੀਆਂ ਜੋ ਇਸ ਸੰਧੀ ਦੇ ਹਰ ਤਰ੍ਹਾਂ ਨਾਲ ਸਥਾਈ ਹੋਣ ਦਾ ਸਬੂਤ ਹਨ।

ਇਸ ਸੰਧੀ ਦੇ ਆਲੋਚਕਾਂ ਦੁਆਰਾ ਇਹ ਵੀ ਕਿਹਾ ਗਿਆ ਹੈ ਕਿ ਇਸ ਨੇ ਪੂਰਬੀ ਸਮੱਸਿਆ ਦੇ ਹੱਲ ਲੱਭਣ ਦਾ ਕੋਈ ਯਤਨ ਨਹੀਂ ਕੀਤਾ, ਪਰ ਇਸ ਦੇ ਸਬੰਧ ਵਿੱਚ ਇਹ ਯਾਦ

ਰੱਖਣਾ ਚਾਹੀਦਾ ਹੈ ਕਿ ਪੂਰਬੀ ਸਮੱਸਿਆ ਇੱਕ ਅਜਿਹੀ ਸਮੱਸਿਆ ਸੀ ਜਿਸ ਦਾ ਉਸ ਤੋਂ ਬਾਅਦ ਵੀ ਕਿਸੇ ਨੀਤੀਵਾਨ ਵੱਲੋਂ ਠੋਸ ਹੱਲ ਨਹੀਂ ਲੱਭਿਆ ਜਾ ਸਕਿਆ।

ਸੰਧੀ ਦੇ ਆਲੋਚਕਾਂ ਦੁਆਰਾ ਇਸ ਸੰਧੀ ਦੀ ਆਲੋਚਨਾ ਇਹ ਕਹਿ ਕੇ ਵੀ ਕੀਤੀ ਗਈ ਕਿ ਸੰਧੀ ਦੁਆਰਾ ਉਚਿੱਤ ਅਧਿਕਾਰ ਦੇ ਸਿਧਾਂਤ ਦੀ ਯੋਗ ਵਰਤੋਂ ਨਹੀਂ ਕੀਤੀ ਗਈ, ਪਰ ਸੰਧੀ ਦੇ ਸਮਰਥਕ ਇਸ ਸੰਧੀ ਦੇ ਪੱਖ ਵਿੱਚ ਲਿਖਦੇ ਹੋਏ ਆਖਦੇ ਹਨ ਕਿ ਲੋੜ ਅਨੁਸਾਰ ਉਚਿਤ ਅਧਿਕਾਰ ਦੇ ਸਿਧਾਂਤ ਦੀ ਯੋਗ ਵਰਤੋਂ ਕੀਤੀ ਗਈ ਸੀ। ਜੇਕਰ ਪੂਰੀ ਤਰ੍ਹਾਂ ਇਸ ਸਿਧਾਂਤ ਦੇ ਅਨੁਸਾਰ ਰਾਜਾਂ ਦੇ ਇਲਾਕਿਆਂ ਦੀ ਵੰਡ ਕੀਤੀ ਜਾਂਦੀ ਤਾਂ ਇੱਕ ਵਾਰ ਫਿਰ 1789 ਈ. ਦੀ ਫ਼ਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਵਾਲਾ ਯੂਰਪ ਹੋਂਦ ਵਿੱਚ ਆ ਜਾਂਦਾ ਜਿਸ ਤੋਂ ਕੋਈ ਵੀ ਦੇਸ਼ ਸੰਤੁਸ਼ਟ ਨਾ ਹੁੰਦਾ।

ਵਿਆਨਾ ਕਾਂਗਰਸ ਦੇ ਫ਼ੈਸਲਿਆਂ ਵਿਰੁੱਧ ਆਲੋਚਕ ਇਸ ਸੰਧੀ ਦੀ ਇਹ ਕਹਿ ਕੇ ਆਲੋਚਨਾ ਕਰਦੇ ਹਨ ਕਿ ਇਸ ਸੰਧੀ ਦੁਆਰਾ ਲੋਕਾਂ ਦੀਆਂ ਰਾਸ਼ਟਰੀ ਭਾਵਨਾਵਾਂ ਦਾ ਖ਼ਿਆਲ ਨਹੀਂ ਰੱਖਿਆ ਗਿਆ, ਪਰ ਸੰਧੀ ਦੇ ਸਮਰਥਕਾਂ ਨੇ ਇਹ ਤਰਕ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਰਾਸ਼ਟਰੀ ਭਾਵਨਾ, ਜਿਸ ਦਾ ਉਭਾਰ ਫ਼ਰਾਂਸ ਵਿੱਚ ਹੋਇਆ ਸੀ, ਦਾ ਕਾਂਗਰਸ ਦੇ ਨੇਤਾਵਾਂ ਉਪੱਰ ਕੋਈ ਚੰਗਾ ਪ੍ਰਭਾਵ ਨਹੀਂ ਪਿਆ ਸੀ। 1789 ਤੋਂ 1815 ਈ. ਤੱਕ ਵਾਪਰੀਆਂ ਘਟਨਾਵਾਂ ਨੇ ਕਾਂਗਰਸ ਦੇ ਨੇਤਾਵਾਂ ਨੂੰ ਇਹ ਵਿਸ਼ਵਾਸ਼ ਕਰਾ ਦਿੱਤਾ ਸੀ ਰਾਸ਼ਟਰੀ ਭਾਵਨਾ ਦਾ ਦੂਜਾ ਨਾਂ ਅਸ਼ਾਂਤੀ ਤੇ ਅਰਾਜਿਕਤਾ ਹੈ। ਉਨ੍ਹਾਂ ਅਨੁਸਾਰ ਯੂਰਪ ਵਿੱਚ ਪਿਛਲੇ 23 ਸਾਲਾਂ ਤੋਂ ਹੋ ਰਹੇ ਯੁੱਧ ਰਾਸ਼ਟਰੀ ਭਾਵਨਾ ਦਾ ਹੀ ਨਤੀਜਾ ਸਨ। ਇਸ ਲਈ ਇਹ ਨੇਤਾ ਰਾਸ਼ਟਰੀ ਭਾਵਨਾ ਦੀ ਬਜਾਏ ਯੂਰਪ ਵਿੱਚ ਸ਼ਾਂਤੀ ਬਣਾਈ ਰੱਖਣ ਦੇ ਚਾਹਵਾਨ ਸਨ।ਵਿਆਨਾ ਸੰਧੀ ਦੇ ਸਮਰਥਕਾਂ ਅਨੁਸਾਰ ਸੰਧੀ ਬੇਸ਼ੱਕ ਪੁਰਾਤਨ ਵਿਚਾਰਾਂ ਦੇ ਅਧਾਰ ਤੇ ਕੀਤੀ ਗਈ ਸੀ ਪਰ ਫਿਰ ਵੀ ਇਸ ਸੰਧੀ ਦੀਆ ਸ਼ਰਤਾਂ ਪੁਰਾਣੇ ਯੁੱਗ ਤੇ ਉਤੱਮ ਸਿਧਾਂਤਾਂ ਤੇ ਆਧਾਰਿਤ ਹੋਣ ਕਾਰਨ ਕਾਫ਼ੀ ਹੱਦ ਤੱਕ ਸਫਲ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਸ਼ਰਤਾਂ ਤੇ ਸਮਝੌਤਿਆਂ ਨੇ ਚਾਲੀ ਸਾਲ ਤੱਕ ਯੂਰਪ ਵਿੱਚ ਕੋਈ ਯੁੱਧ ਨਹੀਂ ਹੋਣ ਦਿੱਤਾ।

## ਸਿੱਟਾ (Conclusion) :

ਅਖ਼ੀਰ ਵਿੱਚ **ਅਸੀਂ ਇਹ ਕਹਿ ਸਕਦੇ ਹਾਂ** ਕਿ ,ਬੇਸ਼ੱਕ 1815 ਈ. ਦੀ ਵਿਆਨਾ ਕਾਂਗਰਸ ਵਿੱਚ ਅਨੇਕਾਂ ਤਰੁੱਟੀਆਂ ਪਾਈਆਂ ਗਈਆਂ ਸਨ ,ਪਰ ਇਸਨੂੰ ਫਿਰ ਵੀ ਉਸ ਸਮੇਂ ਦਾ ਮਹਾਨ ਸਮਝੌਤਾ ਮੰਨਿਆ ਜਾਂਦਾ ਹੈ। ਕਾਂਗਰਸ ਦੇ ਨੇਤਾਵਾਂ ਵਿੱਚ ਆਪਸੀ ਵਿਰੋਧਤਾ ਦੇ ਹੁੰਦਿਆਂ ਹੋਇਆਂ ਵੀ ਉਹ ਬਹੁਤ ਥੋੜ੍ਹੇ ਸਮੇਂ ਵਿੱਚ ਇੱਕ ਅਜਿਹਾ ਸਮਝੌਤਾ ਕਰਨ ਵਿੱਚ ਕਾਮਯਾਬ ਹੋ ਗਏ ਜੋ ਉਸ ਸਮੇਂ ਤੱਕ ਦੀਆਂ ਸੰਧੀਆਂ ਜਾਂ ਸਮਝੌਤਿਆਂ ਵਿਚੋਂ ਸਭ ਤੋਂ ਵੱਧ ਸਥਾਈ ਸਾਬਤ ਹੋਇਆ। ਜੇਕਰ ਕਾਂਗਰਸ ਦੇ ਨੇਤਾਵਾਂ ਦੁਆਰਾ ਰਾਸ਼ਟਰਵਾਦ ਤੇ ਪਰਜਾਤੰਤਰ ਨੂੰ **ਕੋਈ** ਮਹੱਤਵ ਨਹੀਂ ਦਿੱਤਾ ਗਿਆ ਤਾਂ ਇਸ ਦਾ ਕਾਰਨ ਇਹ ਸੀ ਕਿ ਵਿਆਨਾ ਕਾਂਗਰਸ ਦੇ ਨੇਤਾਵਾਂ ਨੂੰ **ਇਸ ਬਾਰੇ ਕੋਈ ਵੀ ਜਾਣਕਾਰੀ ਨਹੀਂ ਸੀ**। ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਆਨਾ ਕਾਂਗਰਸ ਦੇ ਨੇਤਾਵਾਂ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਇੱਕ ਅਜਿਹਾ ਸਥਾਈ ਸਮਝੌਤਾ ਯੂਰਪ ਦੀ ਜਨਤਾ ਦੇ ਹਿੱਤਾਂ ਲਈ ਪੇਸ਼ ਕੀਤਾ,ਜਿਸਦਾ ਯੂਰਪ ਵਿੱਚ ਆਉਣ ਵਾਲੀ ਇੱਕ ਸਦੀ ਤੱਕ ਪ੍ਰਭਾਵ ਵੇਖਿਆ ਗਿਆ।

## ਹਵਾਲੇ ਨੋਟ ;-


- ਜੈਨ ਤੇ ਮਾਥੁਰ , ਏ ਹਿਸਟਰੀ ਆਫ਼ ਦਾ ਮੋਡਰਨ ਵਰਲਡ [1500 ਈਸਵੀ ਤੋਂ 2000 ਈਸਵੀ]
- ਲਿਓ ਗੁਰਸਾਈ , ਦੀ ਫਰੈਂਚ ਰੈਵੋਲੂਸ਼ਨ
- ਡਾਕਟਰ ਰਾਜਿੰਦਰ ਸਿੰਘ ,ਯੂਰਪ ਦਾ ਇਤਿਹਾਸ [1789 ਈਸਵੀ ਤੋਂ 1871 ਈਸਵੀ]

- ਡਾਕਟਰ ਏ. ਸੀ . ਅਰੋੜਾ , ਐਡਵਾਂਸ ਹਿਸਟਰੀ ਆਫ਼ ਮੋਡਰਨ ਵਰਲਡ
- ਐੱਸ . ਐਨ . ਸੀਨ , ਹਿਸਟਰੀ ਆਫ਼ ਦੀ ਵਰਲਡ